# ਦਿ ਡਰਾਈਵ

ਨਵੰਬਰ 2018 ਅੰਕ 5



ਫੋਟੋ ਜੀ ਸੀ ਟੀ ਗਲੋਬਲ ਕਨਟੇਨਰ ਟਰਮੀਨਲਜ਼ ਦੇ ਧੰਨਵਾਦ ਸਹਿਤ

## ਇਸ ਐਡੀਸ਼ਨ ਵਿਚ

ਪਿਛਲੇ ਨਿਊਜ਼ਲੈਟਰ ਤੋਂ ਬਾਅਦ, ਓ ਬੀ ਸੀ ਸੀ ਟੀ ਸੀ ਨੇ *ਕਨਟੇਨਰ ਟਰੱਕਿੰਗ ਐਕਟ* (“ਐਕਟ”) *ਅਤੇ ਰੈਗੂਲੇਸ਼ਨ* ਦਾ ਰਿਵੀਊ ਪੂਰਾ ਕਰ ਲਿਆ ਹੈ ਅਤੇ ਵਿਚਾਰ ਕੀਤੇ ਜਾਣ ਲਈ ਰਿਪੋਰਟ ਸਰਕਾਰ ਕੋਲ ਦਰਜ ਕਰਵਾ ਦਿੱਤੀ ਹੈ। ਡਰਾਈਵਰਾਂ, ਉਨ੍ਹਾਂ ਦੇ ਨੁਮਾਇੰਦਿਆਂ ਅਤੇ ਕੰਪਨੀਆਂ ਸਭ ਨੇ ਰਿਵੀਊ ਵਿਚ ਆਪਣਾ ਕੀਮਤੀ ਯੋਗਦਾਨ ਪਾਇਆ ਹੈ। ਓ ਬੀ ਸੀ ਸੀ ਟੀ ਸੀ ਦਾ ਧਿਆਨ ਹੁਣ ਟੈਗ ਮੈਨੇਜਮੈਂਟ ਪਾਲਸੀ ਦੇ ਰਿਵੀਊ ਵੱਲ ਹੋ ਗਿਆ ਹੈ, ਜਿਸ ਬਾਰੇ ਜ਼ਿਆਦਾ ਵੇਰਵੇ ਇਸ ਨਿਊਜ਼ਲੈਟਰ ਵਿਚ ਹਨ। ਟੈਗ ਮੈਨੇਜਮੈਂਟ ਪਾਲਸੀ ਦੀ ਤੀਜੀ ਤਿਮਾਹੀ ਸਤੰਬਰ ਵਿਚ ਖਤਮ ਹੋ ਗਈ ਹੈ ਅਤੇ, ਪਿਛਲੀਆਂ ਤਿਮਾਹੀਆਂ ਵਾਂਗ ਹੀ, ਮਾੜੀ ਕਾਰਗੁਜ਼ਾਰੀ ਵਾਲੀਆਂ ਕੰਪਨੀਆਂ ਤੋਂ ਟਰੱਕ ਟੈਗ ਹਟਾ ਲਏ ਗਏ ਸਨ। ਸਪੌਂਸਰਸ਼ਿਪ ਲਈ ਉਪਲਬਧ ਇੰਡੇਪੈਨਡੈਂਟ ਓਪਰੇਟਰਾਂ (“ਆਈ/ਓਜ਼”) ਦੀ ਗਿਣਤੀ ਉੱਪਰ ਓ ਬੀ ਸੀ ਸੀ ਟੀ ਸੀ ਵਲੋਂ ਨਿਗਰਾਨੀ ਰੱਖੀ ਜਾ ਰਹੀ ਹੈ ਅਤੇ ਧਿਆਨ ਨਾਲ ਇਹ ਵਿਚਾਰ ਕੀਤੀ ਜਾ ਰਹੀ ਹੈ ਕਿ ਆਈ/ਓ ਲਿਸਟ ਵਿਚ ਕਿੰਨੇ ਨਵੇਂ ਆਈ/ਓਜ਼ ਪਾਏ ਜਾਣੇ ਚਾਹੀਦੇ ਹਨ। ਇਸ ਬਾਰੇ ਅਤੇ ਟੈਗ ਮੈਨੇਜਮੈਂਟ ਪਾਲਸੀ ਦੇ ਕਿਸੇ ਵੀ ਨਵੇਂ ਪੱਖ ਬਾਰੇ ਡਰਾਈਵਰਾਂ ਦੇ ਵਿਚਾਰਾਂ ਦਾ ਸੁਆਗਤ ਹੈ।

ਮੈਂ ਡੈੱਡ ਰਨਜ਼ ਅਤੇ ਪ੍ਰੀ-ਪੁੱਲਜ਼ ਬਾਰੇ ਓ ਬੀ ਸੀ ਸੀ ਟੀ ਸੀ ਦੇ ਇਕ ਮਹੱਤਵਪੂਰਨ ਬੁਲੇਟਿਨ ਦਾ ਜ਼ਿਕਰ ਕੀਤਾ ਹੈ ਜਿਹੜਾ ਅਕਤੂਬਰ ਵਿਚ ਜਾਰੀ ਕੀਤੇ ਗਏ ਇਕ ਫੈਸਲੇ ਤੋਂ ਬਾਅਦ ਆਇਆ ਹੈ। ਓ ਬੀ ਸੀ ਸੀ ਟੀ ਸੀ ਰੇਟਾਂ ਦੀ ਪਾਲਣਾ ਨਾ ਕਰਨ ਦੇ ਵੱਖ ਵੱਖ ਕੇਸਾਂ ਦੀ ਪੜਤਾਲ ਕਰਨਾ ਅਤੇ ਹੋਰ ਸਰਗਰਮੀਆਂ ਕਰਨਾ ਜਾਰੀ ਰੱਖ ਰਿਹਾ ਹੈ ਅਤੇ ਇਹ ਸਾਰੀਆਂ ਵਾਜਬ ਸ਼ਿਕਾਇਤਾਂ ’ਤੇ ਵਿਚਾਰ ਕਰੇਗਾ। ਮਦਦ ਲਈ ਕਿਰਪਾ ਕਰਕੇ ਦਫਤਰ ਨਾਲ ਸੰਪਰਕ ਕਰੋ।

ਪੱਤਝੜ ਰੁੱਤ ਲੋਅਰ ਮੇਨਲੈਂਡ ਵਿਚ ਕਨਟੇਨਰ ਟਰੱਕਿੰਗ ਲਈ ਸਾਲ ਦਾ ਬਿਜ਼ੀ ਸਮਾਂ ਹੈ ਅਤੇ ਮੈਨੂੰ ਉਮੀਦ ਹੈ ਕਿ ਹਰ ਇਕ ਨੇ ਨਵੰਬਰ ਮਹੀਨੇ ਦਿਵਾਲੀ ਮਨਾਉਣ ਲਈ ਸਮਾਂ ਕੱਢਿਆ ਹੋਵੇਗਾ ਅਤੇ ਮੈਨੂੰ ਉਮੀਦ ਹੈ ਤੁਹਾਡਾ ਛੁੱਟੀਆਂ ਦਾ ਸੀਜ਼ਨ ਵਧੀਆ ਲੰਘੇਗਾ। ਮੈਨੂੰ 2019 ਦੀ ਤਾਂਘ ਨਾਲ ਉਡੀਕ ਹੈ।

ਸੱਚੇ ਦਿਲੋਂ,

*ਮਾਈਕਲ ਕਰੌਫਰਡ*

ਕਮਿਸ਼ਨਰ

## ਲਸੰਸੀਆਂ ਅਤੇ ਡਰਾਈਵਰਾਂ ਲਈ ਸ੍ਰੋਤ

- **ਆਫਿਸ ਔਫ ਦਿ ਬੀ ਸੀ ਕਨਟੇਨਰ ਟਰੱਕਿੰਗ ਕਮਿਸ਼ਨਰ (“ਓ ਬੀ ਸੀ ਸੀ ਟੀ ਸੀ”)**
  604-660-6051
  obcctc.ca
- **ਕੌਨਫੀਡੈਂਸ਼ਲ ਡਰੇਅਜ ਕਮਪਲੇਂਟ ਲਾਈਨ (ਗੁਪਤ ਲਾਈਨ)**
  1-877-713-5109
  drayage.confidenceline.net
- **ਪੀ ਐੱਮ ਵੀ ਟੀ ਐੱਲ ਐੱਸ ਐਡਮਿਨਸਟਰੇਟਰ**
  604-665-9333
- **ਬੀ ਸੀ ਟਰੱਕਿੰਗ ਐਸੋਸੀਏਸ਼ਨ**
  604-888-5319
- **ਪੇਅ ਰੇਟ ਸਮਰੀ**
  obcctc.ca/rate-summary
- **ਔਨ-ਡੌਕ ਰੇਟ ਸਕੈਜੂਅਲ**
  obcctc.ca/on-dock
- **ਔਫ-ਡੌਕ ਰੇਟ ਸਕੈਜੂਅਲ**
  obcctc.ca/off-dock
- **ਓ ਬੀ ਸੀ ਸੀ ਟੀ ਸੀ ਦੇ ਫੈਸਲੇ**
  obcctc.ca/decisions
- **ਓ ਬੀ ਸੀ ਸੀ ਟੀ ਸੀ ਦੀਆਂ ਪਾਲਸੀਆਂ**
  obcctc.ca/policies
- **ਓ ਬੀ ਸੀ ਸੀ ਟੀ ਸੀ ਇੰਡਸਟਰੀ ਮੀਮੋਜ਼**
  obcctc.ca/industry-memos
- **ਕਨਟੇਨਰ ਟਰੱਕਿੰਗ ਐਕਟ**
  bclaws.ca/civix/document/id/consol 28/consol28/14028_01
- **ਕਨਟੇਨਰ ਟਰੱਕਿੰਗ ਰੈਗੂਲੇਸ਼ਨ**
  bclaws.ca/civix/document/id/complete/statreg/248_2014

# ਟੈਗ ਮੈਨੇਜਮੈਂਟ ਪਾਲਸੀ ਦਾ ਰਿਵੀਊ

ਓ ਬੀ ਸੀ ਸੀ ਟੀ ਸੀ ਟੈਗ ਮੈਨੇਜਮੈਂਟ ਪਾਲਸੀ ਦਾ ਰਿਵੀਊ ਕਰ ਰਿਹਾ ਹੈ। ਰਿਵੀਊ ਬਾਰੇ ਜਾਣਕਾਰੀ ਓ ਬੀ ਸੀ ਸੀ ਟੀ ਸੀ ਦੇ ਵੈੱਬਸਾਈਟ ’ਤੇ ਹੁਣੇ ਹੁਣੇ ਪਾਏ ਗਏ ਇਕ ਬੁਲੇਟਿਨ ਵਿਚ ਦਿੱਤੀ ਗਈ ਹੈ। ਓ ਬੀ ਸੀ ਸੀ ਟੀ ਸੀ, ਹਿੱਤ ਰੱਖਣ ਵਾਲੀਆਂ ਧਿਰਾਂ ਤੋਂ ਅੱਗੇ ਲਿਖੀ ਕਿਸੇ ਵੀ ਜਾਂ ਸਾਰੀਆਂ ਟਰਮਜ਼ ਔਫ ਰੈਫਰੈਂਸ ਬਾਰੇ ਲਿਖਤੀ ਵਿਚਾਰ ਮੰਗ ਰਿਹਾ ਹੈ:

- ਟੈਗ ਮੈਨੇਜਮੈਂਟ ਪਾਲਸੀ ਦੇ ਵਾਧੂ ਟਰੱਕ ਟੈਗ ਐਪਲੀਕੇਸ਼ਨ ਬਿਜ਼ਨਸ ਕੇਸ ਦੀਆਂ ਸ਼ਰਤਾਂ ਦੀ ਅਸਰਦਾਇਕਤਾ ਜਿਸ ਵਿਚ ਬਿਜ਼ਨਸ ਪਲੈਨ ਦੀ ਕਸੌਟੀ ਵਿਚ ਵਾਧੇ ਲਈ ਚੋਣਾਂ ਵੱਲ ਖਾਸ ਧਿਆਨ ਦਿੱਤਾ ਜਾਂਦਾ ਹੈ;
- ਟੈਗ ਮੈਨੇਜਮੈਂਟ ਪਾਲਸੀ ਦੇ ਟਰੱਕ ਟੈਗ ਵਾਪਸੀ ਦੇ ਤਰੀਕੇ ਦੀ ਅਸਰਦਾਇਕਤਾ, ਜਿਸ ਵਿਚ ਖਾਲੀ ਟਰੱਕ ਟੈਗਾਂ ਵੱਲ ਖਾਸ ਧਿਆਨ ਦਿੱਤਾ ਜਾਂਦਾ ਹੈ;
- ਸਾਲ ਦੌਰਾਨ ਨਿਸ਼ਚਿਤ ਟਰੱਕ ਟੈਗ ਲਈ ਐਪਲੀਕੇਸ਼ਨ ਦੇ ਸਮਿਆਂ ਬਾਰੇ ਵਿਚਾਰ;
- ਉਨ੍ਹਾਂ ਲਸੰਸੀਆਂ ਵੱਲ ਆਈ/ਓ ਦੀ ਜ਼ਿਆਦਾ ਮੂਵਮੈਂਟ ਕਰਵਾਉਣ ਦੀਆਂ ਚੋਣਾਂ ਜਿਹੜੇ ਢੁਕਵੀਂ ਮਾਤਰਾ ਵਿਚ ਕੰਮ ਦੇ ਸਕਦੇ ਹਨ, ਜਿਨ੍ਹਾਂ ਦੀਆਂ ਕੰਮ ਦੀਆਂ ਹਾਲਤਾਂ ਸੰਤੁਸ਼ਟੀਜਨਕ ਹਨ ਅਤੇ ਜਿਹੜੇ ਐਕਟ, ਰੈਗੂਲੇਸ਼ਨ ਅਤੇ ਕਨਟੇਨਰ ਟਰੱਕਿੰਗ ਸਰਵਿਸਿਜ਼ ਲਸੰਸ ਦੀ ਪਾਲਣਾ ਹੁੰਦੀ ਦਿਖਾਉਂਦੇ ਹਨ; ਅਤੇ
- ਕਨਟੇਨਰ ਟਰੱਕਿੰਗ ਦੀਆਂ ਸੇਵਾਵਾਂ ਦੇ ਰਹੇ ਸਾਰੇ ਟਰੱਕਾਂ ਦੀ ਟੈਗਿੰਗ ਯਕੀਨੀ ਬਣਾਉਣ ਲਈ ਚੋਣਾਂ (ਔਨ ਅਤੇ ਔਫ-ਡੌਕ) ਜਿਸ ਵਿਚ ਵੈਨਕੂਵਰ ਪੋਰਟ ਦੇ ਟਰਮੀਨਲ ਐਕਸੈੱਸ, ਟਰੱਕ ਦੀ ਉਮਰ ਅਤੇ ਜੀ ਪੀ ਐੱਸ ਦੀਆਂ ਸ਼ਰਤਾਂ ਵੱਲ ਧਿਆਨ ਦਿੱਤਾ ਜਾਂਦਾ ਹੈ।

ਹਿੱਤ ਰੱਖਣ ਵਾਲੀਆਂ ਧਿਰਾਂ ਦੇ ਲਿਖਤੀ ਵਿਚਾਰ ਮਿਲਣ ਦੀ ਅੰਤਿਮ ਤਾਰੀਕ 14 ਦਸੰਬਰ, 2018 ਹੈ।

ਓ ਬੀ ਸੀ ਸੀ ਟੀ ਸੀ ਨੂੰ ਆਪਣੇ ਲਿਖਤੀ ਵਿਚਾਰ ਅੱਗੇ ਲਿਖੇ ਈਮੇਲ ਐਡਰੈਸ ’ਤੇ ਭੇਜੇ ਜਾ ਸਕਦੇ ਹਨ: **Registrar@obcctc.ca**

## ਕੀ ਤੁਹਾਨੂੰ ਪਤਾ ਹੈ?

**ਮੁਲਾਜ਼ਮ ਆਈ/ਓਜ਼ ਬਣ ਰਹੇ ਹਨ – ਆਈ/ਓਜ਼ ਮੁਲਾਜ਼ਮ ਬਣ ਰਹੇ ਹਨ**
ਕਨਟੇਨਰ ਟਰੱਕਿੰਗ ਸਰਵਿਸਿਜ਼ ਲਸੰਸ ਕਹਿੰਦਾ ਹੈ ਕਿ ਲਸੰਸਧਾਰੀ ਕਿਸੇ ਮੁਲਾਜ਼ਮ ਤੋਂ ਆਈ/ਓ ਬਣਨ ਜਾਂ ਕਿਸੇ ਆਈ/ਓ ਤੋਂ ਮੁਲਾਜ਼ਮ ਬਣਨ ਦੀ ਮੰਗ ਨਹੀਂ ਕਰ ਸਕਦੇ। ਓ ਬੀ ਸੀ ਸੀ ਟੀ ਸੀ ਉਨ੍ਹਾਂ ਹਾਲਤਾਂ ਦੀ ਪੜਤਾਲ ਕਰੇਗਾ ਜਿੱਥੇ ਮੁਲਾਜ਼ਮਾਂ ਨੇ ਟਰੱਕ ਖਰੀਦਣ ਅਤੇ ਆਈ/ਓਜ਼ ਬਣਨ ਦਾ ਫੈਸਲਾ ਕੀਤਾ ਹੈ ਤਾਂ ਜੋ ਇਹ ਪੱਕਾ ਹੋਵੇ ਕਿ ਇਨ੍ਹਾਂ ਡਰਾਈਵਰਾਂ ਉੱਪਰ ਤਬਦੀਲੀ ਕਰਨ ਲਈ ਦਬਾਅ ਨਹੀਂ ਪਾਇਆ ਗਿਆ ਹੈ।

**ਮਾਇਕ ਫਾਇਦਾ, ਕਮਿਸ਼ਨ ਅਤੇ ਕਟੌਤੀਆਂ**
*ਐਕਟ* ਦਾ ਸੈਕਸ਼ਨ 24 ਕਹਿੰਦਾ ਹੈ ਕਿ ਕੋਈ ਲਸੰਸੀ ਕਿਸੇ ਟਰੱਕਰ ਤੋਂ ਸਿੱਧੇ ਜਾਂ ਅਸਿੱਧੇ ਤੌਰ ’ਤੇ ਕੋਈ ਮਾਇਕ ਫਾਇਦਾ, ਕਮਿਸ਼ਨ ਜਾਂ ਰੇਟ ਵਿਚ ਕਮੀ ਜਾਂ ਛੋਟ ਦੀ ਮੰਗ ਨਹੀਂ ਕਰ ਸਕਦਾ ਜਾਂ ਲੈ ਨਹੀਂ ਸਕਦਾ।

**ਆਪਣੇ ਖੁਦ ਦੇ ਰਿਕਾਰਡ ਰੱਖੋ**
ਦਿਨ ਵਿਚ ਲਗਾਏ ਗਏ ਟ੍ਰਿਪਾਂ ਅਤੇ ਕੰਮ ਦੇ ਘੰਟਿਆਂ ਦੇ ਆਪਣੇ ਰਿਕਾਰਡ ਰੱਖ ਕੇ ਡਰਾਈਵਰ ਓ ਬੀ ਸੀ ਸੀ ਟੀ ਸੀ ਦੇ ਔਡੀਟਰਾਂ ਦੀ ਮਦਦ ਕਰ ਸਕਦੇ ਹਨ। ਜੇ ਤੁਸੀਂ ਆਪਣੇ ਰਿਕਾਰਡ ਰੱਖਦੇ ਹੋ ਤਾਂ ਕਿਰਪਾ ਕਰਕੇ ਇਹ ਵੀ ਨੋਟ ਕਰ ਲਉ ਕਿ ਤੁਸੀਂ ਕਦੋਂ ਕਨਟੇਨਰ ਟਰੱਕਿੰਗ ਦੀਆਂ ਸੇਵਾਵਾਂ ਦੇ ਰਹੇ ਸੀ ਕਿਉਂਕਿ ਕੁਝ ਡਰਾਈਵਰ ਰਲਵਾਂ ਕੰਮ ਕਰਦੇ ਹਨ। ਕੰਪਨੀ ਦੇ ਰਿਕਾਰਡਾਂ ਦੀ ਪੜਚੋਲ ਕਰਨ ਵੇਲੇ ਇਹ ਚੀਜ਼ ਓ ਬੀ ਸੀ ਸੀ ਟੀ ਸੀ ਦੇ ਔਡੀਟਰਾਂ ਦੀ ਬਹੁਤ ਜ਼ਿਆਦਾ ਮਦਦ ਕਰੇਗੀ।

## ਨਿਯਮਾਂ ਦੀ ਪਾਲਣਾ ਬਾਰੇ ਓ ਬੀ ਸੀ ਸੀ ਟੀ ਸੀ ਵਲੋਂ ਤਾਜ਼ਾ ਜਾਣਕਾਰੀ ਜਾਣਕਾਰੀ

**ਤੁਹਾਡੀ ਮਦਦ ਕਰਨ ਵਿਚ ਸਾਡੀ ਮਦਦ ਕਰੋ! ਜੇ ਤੁਹਾਡੇ ਮਨ ਵਿਚ ਆਪਣੀ ਤਨਖਾਹ ਬਾਰੇ ਅਤੇ ਕੰਮ ਦੇ ਘੰਟਿਆਂ ਦੀ ਗਿਣਤੀ ਜਾਂ ਲਾਏ ਗਏ ਟ੍ਰਿਪਾਂ ਬਾਰੇ ਕੋਈ ਫਿਕਰ ਹੋਵੇ ਤਾਂ ਇਸ ਦਾ ਰਿਕਾਰਡ ਰੱਖੋ। ਤੁਹਾਡੀ ਰਾਇ ਓ ਬੀ ਸੀ ਸੀ ਟੀ ਸੀ ਦੇ ਨਿਯਮਾਂ ਦੀ ਪਾਲਣਾ ਕਰਵਾਉਣ ਵਿਚ ਔਡੀਟਰਾਂ ਦੀ ਮਦਦ ਕਰੇਗੀ।**




**ਆਡਿਟ ਲਈ ਕੰਪਨੀਆਂ ਦੀ ਚੋਣ ਬਿਨਾਂ ਸੋਚੇ ਸਮਝੇ ਕੀਤੀ ਜਾਂਦੀ ਹੈ ਜਾਂ ਕਿਸੇ ਸ਼ਿਕਾਇਤ ਦੇ ਨਤੀਜੇ ਵਜੋਂ ਕੀਤੀ ਜਾਂਦੀ ਹੈ।**

# ਕੀ ਨਵਾਂ ਹੈ



ਫੋਟੋ ਜੀ ਸੀ ਟੀ ਗਲੋਬਲ ਕਨਟੇਨਰ ਟਰਮੀਨਲਜ਼ ਦੇ ਧੰਨਵਾਦ ਸਹਿਤ

### ਡੈੱਡ ਰਨਜ਼ ਅਤੇ ਪ੍ਰੀ-ਪੁੱਲਜ਼

22 ਅਕਤੂਬਰ, 2018 ਨੂੰ ਓ ਬੀ ਸੀ ਸੀ ਟੀ ਸੀ ਨੇ ਇਕ ਬੁਲੇਟਿਨ ਜਾਰੀ ਕੀਤਾ (ਜੋ ਕਿ ਓ ਬੀ ਸੀ ਸੀ ਟੀ ਸੀ ਦੇ ਵੈੱਬਸਾਈਟ ’ਤੇ ਦੇਖਿਆ ਜਾ ਸਕਦਾ ਹੈ) ਜਿਸ ਨੇ ਹਿੱਤ ਰੱਖਣ ਵਾਲੀਆਂ ਸਾਰੀਆਂ ਧਿਰਾਂ ਨੂੰ ਇਹ ਯਾਦ ਕਰਾਇਆ ਕਿ ਪ੍ਰੀ-ਪੁਲਜ਼, ਜਿੱਥੇ ਡਰਾਈਵਰ ਨੂੰ ਕਨਟੇਨਰ ਦੀ ਸਿਰਫ ਇਕ ਮੂਵ ਲਈ ਪੈਸੇ ਮਿਲਦੇ ਹਨ, ਜਦੋਂ ਕਨਟੇਨਰ ਦੇ ਦੋ ਮੂਵਜ਼ ਹੁੰਦੇ ਹਨ, ਇਹ ਟ੍ਰਿਪ ਦੀ ਵੰਡ ਦਾ ਇਕ ਰੂਪ ਹੈ ਅਤੇ ਇਹ *ਐਕਟ* ਅਤੇ *ਰੈਗੂਲੇਸ਼ਨ* ਦੀ ਉਲੰਘਣਾ ਹੈ। *ਰੈਗੂਲੇਸ਼ਨ* ਹੇਠ, ਕਨਟੇਨਰ ਦੀ ਹਰ ਢੁਆਈ (ਮੂਵਮੈਂਟ) ਇਕ ਵੱਖਰਾ ਟ੍ਰਿਪ ਹੈ ਅਤੇ ਇਸ ਕਰਕੇ ਕਨਟੇਨਰ ਦੀ ਹਰ ਢੁਆਈ ਲਈ ਘੱਟੋ ਘੱਟ “ਪ੍ਰਤੀ ਟ੍ਰਿਪ” ਰੇਟ ਦੇਣ ਦੀ ਲੋੜ ਹੈ।

### ਸੀ ਟੀ ਐੱਸ ਲਸੰਸ ਟੈਗ ਮੈਨੇਜਮੈਂਟ ਪਾਲਸੀ – ਕਾਰਗੁਜ਼ਾਰੀ ਦਾ ਰਿਵੀਊ

ਹਰ ਤਿਮਾਹੀ, ਕਮਿਸ਼ਨਰ ਸਾਰੇ ਲਸੰਸੀਆਂ ਦੇ ਕਾਰਗੁਜ਼ਾਰੀ ਦੇ ਪੱਧਰਾਂ ਦਾ ਰਿਵੀਊ ਕਰਦਾ ਹੈ ਅਤੇ ਉਨ੍ਹਾਂ ਲਸੰਸੀਆਂ ਤੋਂ ਟੈਗ ਵਾਪਸ ਲੈ ਸਕਦਾ ਹੈ ਜਿਹੜੇ ਟੈਗ ਦੀ ਕਾਰਗੁਜ਼ਾਰੀ ਨੂੰ ਕਾਇਮ ਨਹੀਂ ਰੱਖ ਰਹੇ ਅਤੇ/ਜਾਂ ਟੈਗ ਦੀ ਕਾਰਗੁਜ਼ਾਰੀ ਅਤੇ ਕਨਟੇਨਰ ਮੂਵਮੈਂਟ ਦੀ ਮਾਤਰਾ ਵਿਚ ਲੰਬੀ ਕਮੀ ਦਾ ਸਬੂਤ ਦਿਖਾ ਰਹੇ ਹਨ। ਅਕਤੂਬਰ ਵਿਚ, ਓ ਬੀ ਸੀ ਸੀ ਟੀ ਸੀ ਨੇ ਉਨ੍ਹਾਂ ਛੋਟੇ, ਦਰਮਿਆਨੇ ਅਤੇ ਵੱਡੇ ਲਸੰਸਧਾਰੀਆਂ ਨੂੰ ਤੀਜੀ ਤਿਮਾਹੀ (“ਕਿਊ3”) 2018 ਦੀਆਂ ਕਾਰਗੁਜ਼ਾਰੀ ਦੀ ਰਿਵੀਊ ਦੀਆਂ ਚਿੱਠੀਆਂ ਭੇਜੀਆਂ ਜਿਨ੍ਹਾਂ ਦੇ ਹਰ ਰੋਜ਼ ਦੇ ਟਰੱਕ ਟੈਗ ਟ੍ਰਿਪ (ਔਨ ਅਤੇ ਔਫ ਡੌਕ) ਆਪਣੇ ਗਰੁੱਪਾਂ ਵਿਚ ਹੇਠਲੀ 20 ਪ੍ਰਤੀਸ਼ਤ ਵਿਚ ਆਉਂਦੇ ਸਨ। ਕਿਊ3 ਕਾਰਗੁਜ਼ਾਰੀ ਦੇ ਰਿਵੀਊ ਤੋਂ ਬਾਅਦ ਟੈਗ ਵਾਪਸ ਲੈ ਲਏ ਗਏ ਸਨ।

### ਸੀ ਟੀ ਐੱਸ ਲਸੰਸ ਟੈਗ ਮੈਨੇਜਮੈਂਟ ਪਾਲਸੀ – ਆਈ/ਓ ਲਿਸਟ

4 ਜੂਨ, 2018 ਨੂੰ ਓ ਬੀ ਸੀ ਸੀ ਟੀ ਸੀ ਨੇ ਇਕ ਬੁਲੇਟਿਨ ਜਾਰੀ ਕਰਕੇ ਆਈ/ਓ ਨੂੰ, ਆਈ/ਓ ਲਿਸਟ ਉੱਪਰ ਪਾਏ ਜਾਣ ਲਈ ਅਪਲਾਈ ਕਰਨ ਦਾ ਸੱਦਾ ਦਿੱਤਾ। ਲਿਸਟ ਉੱਪਰ ਪੰਦਰਾਂ ਥਾਂਵਾਂ ਪਾਈਆਂ ਗਈਆਂ ਸਨ ਅਤੇ ਉਨ੍ਹਾਂ 15 ਥਾਂਵਾਂ ਲਈ 54 ਅਰਜ਼ੀਆਂ ਮਿਲੀਆਂ। ਇਸ ਤਰ੍ਹਾਂ ਓ ਬੀ ਸੀ ਸੀ ਟੀ ਸੀ ਨੇ ਥਾਂਵਾਂ ਨੂੰ ਭਰਨ ਲਈ 19 ਜੂਨ, 2018 ਨੂੰ ਲਾਟਰੀ ਕੱਢੀ। ਸਾਰੇ ਅਰਜ਼ੀਕਰਤਾਵਾਂ ਦੇ ਨਾਂ ਲਾਟਰੀ ਸੌਫਟਵੇਅਰ ਐਪਲੀਕੇਸ਼ਨ ਵਿਚ ਪਾਏ ਗਏ ਸਨ ਅਤੇ ਕੰਪਿਊਟਰ ਵਲੋਂ ਤਿਆਰ ਕੀਤੀ ਗਈ 15 ਨਾਂਵਾਂ ਦੀ ਸੂਚੀ ਕੱਢੀ ਗਈ। ਕਾਮਯਾਬ ਅਰਜ਼ੀਕਰਤਾਵਾਂ ਨੂੰ ਆਈ/ਓ ਲਿਸਟ ਉੱਪਰ ਪਾਇਆ ਗਿਆ ਅਤੇ ਉਨ੍ਹਾਂ ਨੂੰ ਕਿਸੇ ਲਸੰਸਸ਼ੁਦਾ ਕੰਪਨੀ ਨਾਲ ਸਪੌਂਸਰਸ਼ਿਪ ਲੱਭਣ ਲਈ 90 ਦਿਨ ਦਿੱਤੇ ਗਏ।

ਕਾਮਯਾਬ ਅਰਜ਼ੀਕਰਤਾਵਾਂ ਵਿੱਚੋਂ ਚਾਰ ਨੇ 90 ਦਿਨਾਂ ਦੇ ਸਮੇਂ ਵਿਚ ਕਿਸੇ ਲਸੰਸਸ਼ੁਦਾ ਕੰਪਨੀ ਨਾਲ ਸਪੌਂਸਰਸ਼ਿਪ ਹਾਸਲ ਨਹੀਂ ਕੀਤੀ। ਇਸ ਕਰਕੇ, 19 ਸਤੰਬਰ, 2018 ਨੂੰ ਉਨ੍ਹਾਂ ਚਾਰ ਆਈ/ਓਜ਼ ਨੂੰ ਲਿਸਟ ਵਿੱਚੋਂ ਹਟਾ ਦਿੱਤਾ ਗਿਆ ਅਤੇ ਇਕ ਹੋਰ ਲਾਟਰੀ ਤੋਂ ਬਾਅਦ ਚਾਰ ਨਵੇਂ ਯੋਗ ਆਈ/ਓ ਨੂੰ ਲਿਸਟ ਵਿਚ ਪਾਇਆ ਗਿਆ।

### ਤਾਜ਼ਾ ਫੈਸਲੇ

ਰੋਡਸਟਾਰ ਟ੍ਰਾਂਸਪੋਰਟ ਕੰਪਨੀ ਲਿਮਟਿਡ (ਸੀ ਟੀ ਸੀ ਦਾ ਫੈਸਲਾ ਨੰਬਰ 20/2018) ਅਤੇ ਇਸ ਨਾਲ ਸੰਬੰਧਿਤ ਫੈਸਲੇ ਦੇ ਨੋਟਿਸ ਵਿਚ, ਰੈਗੂਲੇਸ਼ਨ ਦੇ ਸੈਕਸ਼ਨ 24 (2) ਦੀ ਉਲੰਘਣਾ ਬਾਰੇ ਵਿਚਾਰ ਕੀਤੀ ਗਈ। ਸੈਕਸ਼ਨ 24 (2) ਕਹਿੰਦਾ ਹੈ:

ਕਿਸੇ ਵੀ ਲਸੰਸੀ ਲਈ ਕਿਸੇ ਇੰਡੇਪੈਨਡੈਂਟ ਓਪਰੇਟਰ ਦੇ ਰਹਿੰਦੇ ਪੈਸੇ, ਉਡੀਕ ਸਮੇਂ ਦੇ ਰਹਿੰਦੇ ਪੈਸੇ ਜਾਂ ਫਿਊਲ ਸਰਚਾਰਜ ਉਸ ਕਲੰਡਰ ਮਹੀਨੇ ਦੇ ਅੰਤ ਤੋਂ ਬਾਅਦ 30 ਦਿਨਾਂ ਦੇ ਵਿਚ ਵਿਚ ਦੇਣਾ ਜ਼ਰੂਰੀ ਹੈ ਜਿਸ ਮਹੀਨੇ ਵਿਚ ਇੰਡੇਪੈਨਡੈਂਟ ਓਪਰੇਟਰ ਨੇ ਕਨਟੇਨਰ ਟਰੱਕਿੰਗ ਦੀਆਂ ਸੇਵਾਵਾਂ ਦਿੱਤੀਆਂ ਸਨ ਜਿਸ ਲਈ ਪੈਸੇ, ਉਡੀਕ ਸਮੇਂ ਦੇ ਪੈਸੇ ਜਾਂ ਫਿਊਲ ਸਰਚਾਰਜ ਦਾ ਬਕਾਇਆ ਰਹਿੰਦਾ ਹੈ।

### ਫਰੇਜ਼ਰ ਸਰੀ ਡੌਕਸ

ਡਰਾਈਵਰ ਫਰੇਜ਼ਰ ਸਰੀ ਡੌਕਸ ’ਤੇ ਤਾਜ਼ਾ ਉਡੀਕਾਂ ਤੋਂ ਜਾਣੂ ਹੋਣਗੇ। ਆਪਣੇ ਟਰਮੀਨਲ ਦੇ ਓਪਰੇਸ਼ਨਾਂ ਵਿਚ ਸੁਧਾਰ ਕਰਨ ਦੌਰਾਨ ਫਰੇਜ਼ਰ ਸਰੀ ਡੌਕਸ, ਹਿੱਤ ਰੱਖਣ ਵਾਲੀਆਂ ਧਿਰਾਂ ਨੂੰ ਹਫਤਾਵਾਰੀ ਅਪਡੇਟਸ ਭੇਜ ਰਿਹਾ ਹੈ। ਫਰੇਜ਼ਰ ਸਰੀ ਡੌਕਸ ਤੋਂ 2 ਨਵੰਬਰ, 2018 ਦੇ ਅਪਡੇਟ ਦੀ ਕਾਪੀ ਨਾਲ ਨੱਥੀ ਹੈ।

FRASER SURREY DOCKS
Pacific Rim Stevedoring

November 2, 2018

**To: Our Valued Customers and Stakeholders of Fraser Surrey Docks**

**RE: Fraser Surrey Docks Weekly Update**

We would like to provide the following as our weekly update and summary of the current status at Fraser Surrey Docks. We remained focused on the steady recovery and improvement of our operations here at the terminal.

Our equipment availability continues to be more consistent this week, which is critical in driving our performance at the FSD container truck gate. We have received positive feedback from the trucking community of a much more positive experience at the terminal with reliable turn times and reservation availability. The daily truck gate turn times are achieving a range of 30-40 minutes again this week.

For equipment supply, we are pleased to advise that we continue to receive new pieces of dock equipment this month which helps with not only equipment supply but equipment reliability. With the increased availability and stability of our fleet, we are confident that our return to normal operations will remain stable.

As we continue with our emphasis on response times and communicating effectively, we are noticing a considerable reduction in the service issues/concerns being raised. We are monitoring compliance of the reservations closely and communicating accordingly if any concerns.

We have completely eliminated the block stowing of import containers which has subsequently increased accessibility and fluidity of the imports on dock.

We did experienced an issue this week which did effect our services on Monday October 29th. There was an unexpected power outage that morning which lasted approximately 4 hours and prevented us from having full operations at the terminal until the power was back on. We did provide an evening gate on Monday to ensure all trucks were serviced and we rebooked reservations later for other days for any trucks not able to utilize the evening gate. Unfortunately the terminal has a very limited means of communication when the power is out as this affects our phones, email and website. However, we were able to work with the Port of Vancouver who advised users via Twitter and the eHub app. We are very appreciative of the Port of Vancouver for their assistance to communicate this service challenge on our behalf and we encourage all stakeholders at the terminal to check the eHub app if in a similar situation like this.

Our focus remains on providing consistent and reliable service as we build back confidence with our customers. We will continue to provide updates as we move along towards our full recovery at the terminal.

Please contact our management team if you have any questions or require any clarification on the above.

Sincerely,

Jeff Scott
Fraser Surrey Docks LP
President & CEO

GREEN MARINE
Fraser Surrey Docks 11060 Elevator Road, Surrey, B.C. Canada V3V 2R7
Phone: (604) 581-2233 Fax: (604) 581-7343 Email: interact@fsd.bc.ca Website: www.fsd.bc.ca
MACQUARIE

OFFICE OF THE
BRITISH COLUMBIA CONTAINER
TRUCKING COMMISSIONER

1085 ਕੈਂਬੀ ਸਟ੍ਰੀਟ, ਵੈਨਕੂਵਰ, ਬੀ ਸੀ V6B 5L7
ਫੋਨ: (604) 660-6051 ਫੈਕਸ: (604) 660-6045 ਵੈੱਬ: obcctc.ca ਈਮੇਲ: info@obcctc.ca

**ਹੋਰ ਜਾਣਕਾਰੀ ਲਈ ਕਿਰਪਾ ਕਰਕੇ ਸਾਡੇ ਨਾਲ ਸੰਪਰਕ ਕਰੋ।**
**ਸਟਾਫ ਸੋਮਵਾਰ ਤੋਂ ਸ਼ੁਕਰਵਾਰ ਤੱਕ ਸਵੇਰ ਦੇ 9 ਵਜੇ ਤੋਂ ਬਾਅਦ ਦੁਪਹਿਰ 5 ਵਜੇ ਤੱਕ ਮੌਜੂਦ ਹੁੰਦਾ ਹੈ, ਵੀਕਇੰਡਜ਼ ਅਤੇ ਸਾਰੀਆਂ ਸਰਕਾਰੀ ਛੁੱਟੀਆਂ ਨੂੰ ਬੰਦ ਹੁੰਦਾ ਹੈ।**